# ਬ੍ਰੈਂਪਟਨ ਵਿੱਚ ਵਿੰਟਰ ਲਾਈਟਸ ਫੈਸਟੀਵਲ ਦੇ ਮੌਕੇ ਸੜਕਾਂ ਦਾ ਬੰਦ ਹੋਣਾ

ਬ੍ਰੈਂਪਟਨ, ਓਨਟੈਰੀਓ (12 ਨਵੰਬਰ, 2019) – ਬ੍ਰੈਂਪਟਨ ਵਿੱਚ ਵਿੰਟਰ ਲਾਈਟਸ ਫੈਸਟੀਵਲ (Winter Lights Festival) ਦੇ ਨਾਲ, ਛੁੱਟੀਆਂ ਦਾ ਸੀਜਨ ਆਉਣ ਵਾਲਾ ਹੈ। ਇਸ ਵਿੱਚ ਕਈ ਕਾਰਜਕਰਮ ਪੇਸ਼ ਕੀਤੇ ਜਾਣਗੇ: ਸ਼ੁੱਕਰਵਾਰ, 15 ਨਵੰਬਰ ਨੂੰ ਟ੍ਰੀ ਲਾਈਟਿੰਗ (Tree Lighting) ਅਤੇ ਕ੍ਰਿਸਮਸ ਮਾਰਕੀਟ (Christmas Market) ਅਤੇ ਸ਼ਨੀਵਾਰ, 16 ਨਵੰਬਰ ਨੂੰ ਸੈਂਟਾ ਕਲਾਜ ਪਰੇਡ (Santa Claus Parade) ਅਤੇ ਕ੍ਰਿਸਮਸ ਮਾਰਕੀਟ।

ਸ਼ਾਮਲ ਹੋਣ ਵਾਲੇ ਸਾਰੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਹੇਠਾਂ ਸੜਕਾਂ ਬੰਦ ਹੋਣ ਅਤੇ ਤਬਦੀਲੀਆਂ ਬਾਰੇ ਵੇਰਵੇ ਦਿੱਤੇ ਗਏ ਹਨ। ਇਹ ਤਬਦੀਲੀਆਂ ਡਾਉਨਟਾਉਨ ਬ੍ਰੈਂਪਟਨ ਵਿੱਚ ਪੂਰਾ ਵੀਕੈਂਡ ਰਹਿਣਗੀਆਂ।

**ਸ਼ੁੱਕਰਵਾਰ, 15 ਨਵੰਬਰ**

- ਮੇਨ ਸਟ੍ਰੀਟ ਸਾਊਥ (Main Street South) ਸ਼ਾਮ 5 ਵਜੇ ਤੋਂ ਰਾਤ 11 ਵਜੇ ਤੱਕ, ਕਵੀਨ ਸਟ੍ਰੀਟ (Queen Street) ਤੋਂ ਵੈਲਿੰਗਟਨ ਸਟ੍ਰੀਟ (Wellington Street) ਬੰਦ ਰਹੇਗੀ
- ਵੈਲਿੰਗਟਨ ਸਟ੍ਰੀਟ ਵੈਸਟ (Wellington Street West) ਸ਼ਾਮ 4 ਵਜੇ ਤੋਂ ਰਾਤ 11 ਵਜੇ ਤੱਕ, ਜੌਰਜ ਸਟ੍ਰੀਟ ਸਾਊਥ (George Street South) ਤੋਂ ਮੇਨ ਸਟ੍ਰੀਟ ਸਾਊਥ (Main Street South) ਤੱਕ ਬੰਦ ਰਹੇਗੀ

ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੇ ਰੂਟਸ, 2 ਮੇਨ (2 Main) ਅਤੇ 502 ਜ਼ੂਮ ਮੇਨ (502 Züm Main), ਸ਼ੁੱਕਰਵਾਰ, 15 ਨਵੰਬਰ ਨੂੰ ਸ਼ਾਮ 4 ਵਜੇ ਤੋਂ ਰਾਤ 11 ਵਜੇ ਤੱਕ ਬਦਲਣਗੇ।

**ਸ਼ਨੀਵਾਰ, 16 ਨਵੰਬਰ**

- ਕੇਨ ਵ੍ਹਿਲੈਨਸ ਡ੍ਰਾਈਵ (Ken Whillans Drive) ਸਵੇਰੇ 10:30 ਵਜੇ ਤੋਂ ਸ਼ਾਮ 6:30 ਵਜੇ ਤੱਕ, ਵੋਡਨ ਸਟ੍ਰੀਟ (Vodden Street) ਤੋਂ ਚਰਚ ਸਟ੍ਰੀਟ ਈਸਟ (Church Street East) ਤੱਕ ਬੰਦ ਰਹੇਗੀ
- ਸਪਰਾਉਲ ਡ੍ਰਾਈਵ (Sproule Drive) ਸਵੇਰੇ 10:30 ਵਜੇ ਤੋਂ ਸ਼ਾਮ 6:30 ਵਜੇ ਤੱਕ, ਮੇਨ ਸਟ੍ਰੀਟ ਨੌਰਥ (Main Street North) ਤੋਂ ਕੇਨ ਵ੍ਹਿਲੈਨਸ ਡ੍ਰਾਈਵ (Ken Whillans Drive) ਤੱਕ ਬੰਦ ਰਹੇਗੀ
- ਚਰਚ ਸਟ੍ਰੀਟ ਈਸਟ (Church Street East) ਸਵੇਰੇ 10:30 ਵਜੇ ਤੋਂ ਸ਼ਾਮ 6:30 ਵਜੇ ਤੱਕ, ਯੂਨੀਅਨ ਸਟ੍ਰੀਟ (Union Street) ਤੋਂ ਸਕੌਟ ਸਟ੍ਰੀਟ (Scott Street) ਤੱਕ ਬੰਦ ਰਹੇਗੀ
- ਮੇਨ ਸਟ੍ਰੀਟ (Main Street) ਦੁਪਹਿਰ ਬਾਅਦ 3:30 ਵਜੇ ਤੋਂ ਰਾਤ 8 ਵਜੇ ਤੱਕ, ਵੋਡਨ ਸਟ੍ਰੀਟ (Vodden Street) ਤੋਂ ਸ਼ਰਲੇਸ ਬੁਲੇਵਾਰਡ (Charolais Boulevard) ਤੱਕ ਬੰਦ ਰਹੇਗੀ
- ਵੈਲਿੰਗਟਨ ਸਟ੍ਰੀਟ (Wellington Street) ਦੁਪਹਿਰ ਬਾਅਦ 3:30 ਵਜੇ ਤੋਂ ਰਾਤ 8 ਵਜੇ ਤੱਕ, ਜੌਰਜ ਸਟ੍ਰੀਟ (George Street) ਤੋਂ ਚੈਪਲ ਸਟ੍ਰੀਟ (Chapel Street) ਤੱਕ ਬੰਦ ਰਹੇਗੀ
- ਕਵੀਨ ਸਟ੍ਰੀਟ (Queen Street) ਦੁਪਹਿਰ ਬਾਅਦ 3:30 ਵਜੇ ਤੋਂ ਰਾਤ 8 ਵਜੇ ਤੱਕ, ਜੌਰਜ ਸਟ੍ਰੀਟ (George Street) ਤੋਂ ਸੈਂਟਰ ਸਟ੍ਰੀਟ (Centre Street) ਤੱਕ ਬੰਦ ਰਹੇਗੀ
- ਐਲਗਿਨ ਡ੍ਰਾਈਵ (Elgin Drive) ਦੁਪਹਿਰ 12 ਵਜੇ ਤੋਂ ਰਾਤ 10 ਵਜੇ ਤੱਕ, ਮਿਲ ਸਟ੍ਰੀਟ ਸਾਊਥ (Mill Street South) ਤੋਂ ਮੇਨ ਸਟ੍ਰੀਟ ਸਾਊਥ (Main Street South) ਤੱਕ ਬੰਦ ਰਹੇਗੀ

ਜੌਨ ਸਟ੍ਰੀਟ (John Street) ਅਤੇ ਬੀਟੀ ਅਵੈਨਿਊ (Beatty Avenue) ਨੂੰ ਸ਼ਨੀਵਾਰ, 16 ਨਵੰਬਰ ਨੂੰ ਦੁਪਹਿਰ ਬਾਅਦ 3:30 ਵਜੇ ਤੋਂ ਰਾਤ 8 ਵਜੇ ਤੱਕ, ਵਨ-ਵੇ ਸਟ੍ਰੀਟਸ ਤੋਂ ਟੂ-ਵੇ ਸਟ੍ਰੀਟਸ ਵਿੱਚ ਬਦਲਿਆ ਜਾਵੇਗਾ।

ਮੁਫ਼ਤ ਪਾਰਕਿੰਗ, ਸ਼ੁੱਕਰਵਾਰ ਸ਼ਾਮ 7 ਵਜੇ ਤੋਂ ਸ਼ੁਰੂ ਕਰਦੇ ਹੋਏ ਪੂਰਾ ਵੀਕੈਂਡ, ਡਾਊਨਟਾਊਨ ਦੇ ਸਾਰੇ ਮਿਊਨਿਸਿਪਲ ਗਰਾਜਾਂ: ਸਿਟੀ ਹਾਲ (City Hall), ਵੈਸਟ ਟਾਵਰ (West Tower), ਨੈਲਸਨ ਸਕਵੇਅਰ (Nelson Square), ਜੌਨ ਸਟ੍ਰੀਟ (John Street) ਅਤੇ ਰੋਜ਼ ਥਿਏਟਰ (Rose Theatre) ਵਿਖੇ ਉਪਲਬਧ ਹੋਵੇਗੀ।

ਹਰੇ-ਭਰੇ ਸ਼ਹਿਰ (Green City) ਦੇ ਤੌਰ ਤੇ, ਅਸੀਂ ਨਿਵਾਸੀਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਜਿੱਥੇ ਵੀ ਸੰਭਵ ਹੋਵੇ, ਉਹ ਸਫ਼ਰ ਲਈ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ ਵਰਤੋਂ ਕਰਨ। ਬ੍ਰੈਂਪਟਨ ਟ੍ਰਾਂਜ਼ਿਟ ਦੇ ਸਬੰਧ ਵਿੱਚ ਸੜਕਾਂ ਦੇ ਬੰਦ ਹੋਣ ਅਤੇ ਟੂਰ ਬਦਲਣ ਬਾਰੇ ਵੇਰਵੇ www.bramptontransit.com ਤੇ ਉਪਲਬਧ ਹਨ। ਤਾਜ਼ਾ ਜਾਣਕਾਰੀ ਲਈ, ਬ੍ਰੈਂਪਟਨ ਟ੍ਰਾਂਜ਼ਿਟ ਨੂੰ Twitter, Facebook, ਅਤੇ Instagram @bramptontransit ਤੇ ਫਾੱਲੋ ਕਰੋ।

ਵਿੰਟਰ ਲਾਈਟਸ ਫੈਸਟੀਵਲ ਬਾਰੇ ਹੋਰ ਜਾਣਕਾਰੀ ਲਈ, ਇੱਥੇ ਕਲਿੱਕ ਕਰੋ (click here)।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca